SED-EDU401/3/2025-2EDU4/I/1130470/2025　　ਮਿਤੀ, ਚੰਡੀਗੜ੍ਹ: 19-06-2025

ਪੰਜਾਬ ਸਰਕਾਰ

ਸਿੱਖਿਆ ਵਿਭਾਗ

ਸਿੱਖਿਆ-4 ਸ਼ਾਖਾ

**ਹੁਕਮ**

ਸਕੂਲ ਸਿੱਖਿਆ ਵਿਭਾਗ, ਪੰਜਾਬ ਵਿੱਚ ਸਕੂਲ ਅਤੇ ਇੰਸਪੈਕਸ਼ਨ ਕਾਡਰ, ਗਰੁੱਪ ਏ ਦੀਆਂ ਖਾਲੀ/ਮਿਤੀ 31.12.2024 ਤੱਕ ਰਿਟਾਇਰਮੈਂਟ ਕਾਰਨ ਖਾਲੀ ਹੋਣ ਵਾਲੀਆਂ 15 ਆਸਾਮੀਆਂ ਤਨਖਾਹ ਸਕੇਲ ਲੈਵਲ 21 ਵਿਰੁੱਧ ਪ੍ਰਿੰਸੀਪਲ/ਉੱਪ ਜਿਲਾ ਸਿੱਖਿਆ ਅਫਸਰਾਂ ਤੋਂ ਬਤੌਰ ਜਿਲ੍ਹਾ ਸਿੱਖਿਆ ਅਫਸਰ/ਸਹਾਇਕ ਡਾਇਰੈਕਟਰ ਪੱਦ-ਉੱਨਤੀ ਰਾਹੀਂ ਭਰਨ ਲਈ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਧਾਨਗੀ ਹੇਠ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 16-04-2025 ਨੂੰ 10.30 ਵਜੇ ਹੋਈ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ/ਕੀਤੀ ਗਈ ਸ਼ਿਫਾਰਸ਼ ਅਨੁਸਾਰ ਸ਼੍ਰੀਮਤੀ ਨੀਲਮ ਰਾਣੀ ਸੀਨੀਆਰਤਾ ਨੰਬਰ 1501 ਜਨਰਲ ਆਪਣੀ ਸੀਨੀਆਰਤਾ ਤੇ ਪ੍ਰਿੰਸੀਪਲ ਨੂੰ Punjab Educational Service (School and Inspection Cadre) Group 'A' Service Rules 2018, ਅਤੇ ਰੂਲਜ਼ 2020 ਅਨੁਸਾਰ ਤਨਖਾਹ ਸਕੇਲ ਲੈਵਲ 21 ਵਿੱਚ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ ਕਾਡਰ) ਗਰੁੱਪ-ਏ ਵਿੱਚ ਬਤੌਰ ਜਿਲ੍ਹਾ ਸਿੱਖਿਆ ਅਫਸਰ ਪੱਦ-ਉੱਨਤ ਕੀਤਾ ਜਾਂਦਾ ਹੈ।

2. ਪਦ ਉੱਨਤੀ ਉਪਰੰਤ ਸ਼੍ਰੀਮਤੀ ਨੀਲਮ ਰਾਣੀ ਨੂੰ ਬਤੌਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਅੰਮ੍ਰਿਤਸਰ ਖਾਲੀ ਅਸਾਮੀ ਵਿਰੁੱਧ ਤੈਨਾਤ ਕੀਤਾ ਜਾਂਦਾ ਹੈ।

3. ਉਪਰੋਕਤ ਪੱਦ-ਉੱਨਤੀ ਹੇਠ ਦਰਸਾਈਆਂ ਸ਼ਰਤਾ ਤੇ ਅਧਾਰਤ ਹੋਵੇਗੀ:-

(ੳ) ਮਾਨਯੋਗ ਕੋਰਟ ਵਿੱਚ ਸੀਨੀਆਰਤਾ ਸਬੰਧੀ ਜੇਕਰ ਕੋਈ ਰਿੱਟ ਪਟੀਸ਼ਨ ਲੰਬਿਤ ਹੋਵੇ, ਤਾਂ ਉਨ੍ਹਾਂ ਕੇਸਾਂ ਦਾ ਜੋ ਅੰਤਿਮ ਫੈਸਲਾ ਹੋਵੇਗਾ, ਉਹ ਇਸ ਪਦ ਉਨੱਤੀ ਦੇ ਹੁਕਮਾਂ ਤੇ ਲਾਗੂ ਹੋਵੇਗਾ।

(ਅ) ਇਹ ਤਰੱਕੀ ਬਿਲਕੁਲ ਆਰਜ਼ੀ ਹੋਵੇਗੀ।

(ੲ) ਇਸ ਅਧਿਕਾਰਨ ਦਾ ਪਰਖ਼ਕਾਲ ਹਾਜ਼ਰ ਹੋਣ ਦੀ ਮਿਤੀ ਤੋਂ ਇੱਕ ਸਾਲ ਦਾ ਹੋਵੇਗਾ।

(ਸ) ਪੱਦ-ਉੱਨਤ ਹੋਈ ਅਧਿਕਾਰਨ ਨੂੰ ਆਪਣੀ ਨਵੀਂ ਤੈਨਾਤੀ ਵਾਲੇ ਸਥਾਨ ਤੇ ਤੁਰੰਤ ਜੁਆਇੰਨ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਜਕੇਰ ਅਧਿਕਾਰਨ ਆਪਣੀ ਹਾਜ਼ਰੀ ਪੇਸ਼ ਕਰਨ ਨੂੰ ਅਸਮਰਥ ਹੋਵੇਗੀ, ਤਾਂ ਉਸ ਨੂੰ ਨਿਯਮਾਂ ਅਨੁਸਾਰ ਪੱਦ-ਉੱਨਤੀ ਦੇ ਹੱਕ ਤੋਂ 02 ਸਾਲ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

P.T.O.

(ਹ) ਜੇਕਰ ਅਧਿਕਾਰਨ ਵਿਰੁੱਧ ਚੱਲ ਰਹੀਂ ਵਿਭਾਗੀ ਜਾਂ ਕਾਨੂੰਨੀ ਕਾਰਵਾਈ ਬਾਰੇ ਕੇਸ ਧਿਆਨ ਵਿੱਚ ਆਉਂਦਾ ਹੈ, ਤਾਂ ਉਸਦੀ ਕੀਤੀ ਗਈ ਪੱਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ।

4. ਇਹ ਹੁਕਤ ਤੁਰੰਤ ਲਾਗੂ ਹੋਣਗੇ।

ਅਨਿੰਦਿਤਾ ਮਿਤਰਾ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:
13-06-2025

ਪਿੱ.ਅੰ.ਨੰ:/ਉਕਤ ਮਿਤੀ, ਚੰਡੀਗੜ੍ਹ: 19.06.2025

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ;-

1. ਮਹਾਂ ਲੇਖਾਕਾਰ (ਏ.ਐਂਡ.ਈ) ਆਡਿਟ ਵਿੰਗ, ਪੰਜਾਬ, ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ–ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬ ਸਾਈਟ ਤੇ ਤੁਰੰਤ ਅਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ/ਐਲੀਮੈਂਟਰੀ), ਪੰਜਾਬ–ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ, ਮੋਹਾਲੀ।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ–ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ।
6. ਡਾਇਰੈਕਟਰ, ਸਿੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ।
7. ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ.), ਅੰਮ੍ਰਿਤਸਰ (ਵੈਬਸਾਈਟ ਰਾਹੀਂ)।
8. ਸਬੰਧਤ ਅਧਿਕਾਰੀ (ਵੈਬਸਾਈਟ ਰਾਹੀਂ)

ਸੰਯੁਕਤ ਸਕੱਤਰ ਸਕੂਲ ਸਿੱਖਿਆ

<u>ਅੰਦਰੂਨੀ ਵੰਡ:</u>

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ
2. ਨਿੱਜੀ ਸਕੱਤਰ/ਸਕੱਤਰ, ਸਕੂਲ ਸਿੱਖਿਆ
3. ਨਿੱਜੀ ਸਹਾਇਕ/ਸੰਯੁਕਤ, ਸਕੱਤਰ ਸਕੂਲ ਸਿੱਖਿਆ